# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 51-54 ਮਿਤੀ: 25.05.2022

**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083

ਸੇਵਾ ਵਿਖੇ

ਸ੍ਰ.ਅਨਮੋਲ ਰਤਨ ਸਿੰਘ ਸਿੱਧੂ ਜੀ,
ਐਡਵੋਕੇਟ ਜਨਰਲ,
ਪੰਜਾਬ, ਚੰਡੀਗੜ੍ਹ। Advgenpun.chd@gmail.com

ਵਿਸ਼ਾ: ਸਰਕਾਰੀ ਨੌਕਰੀਆਂ ਲਈ ਇਮਤਿਹਾਨ ਲੈਣ ਵਾਲੇ ਸਾਰੇ ਸਬੰਧਤ ਅਦਾਰਿਆਂ ਨੂੰ, ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਪੰਜਾਬੀ ਵਿਚ ਵੀ ਤਿਆਰ ਕਰਨ ਲਈ, ਸਲਾਹ (ਐਡਵਾਈਜ਼ਰੀ) ਜਾਰੀ ਕਰਨ ਲਈ ***ਬੇਨਤੀ***।

ਪਿਆਰੇ ਸਿੱਧੂ ਸਾਹਿਬ,

ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਆਪ ਜੀ ਨੂੰ ਪੰਜਾਬ ਦੇ ਐਡਵੋਕੇਟ ਜਨਰਲ ਵਰਗੇ ਮਹੱਤਵਪੂਰਨ ਅਹੁਦੇ ਤੇ ਨਿਯੁਕਤ ਹੋਣ ਲਈ ਬਹੁਤ-ਬਹੁਤ ਵਧਾਈ।

1. ਮਾਂ ਬੋਲੀ ਪੰਜਾਬੀ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ੀਲ, ਸਾਨੂੰ ਪੰਜਾਬੀਆਂ ਨੂੰ ਪੂਰੀ ਉਮੀਦ ਹੈ ਕਿ ਤੁਹਾਡੇ ਵਰਗੇ ਪੰਜਾਬੀ ਮਾਂ ਬੋਲੀ ਦੇ ਸਪੂਤ ਦੇ ਹੱਥਾਂ ਵਿਚ ਪੰਜਾਬੀ ਸੁਰੱਖਿਅਤ ਹੀ ਨਹੀਂ ਸਗੋਂ ਇਸ ਨੂੰ ਇਸਦਾ ਸਰਕਾਰੇ-ਦਰਬਾਰੇ ਖੁਸਿਆ ਸਤਿਕਾਰ ਵੀ ਮੁੜ ਪ੍ਰਾਪਤ ਹੋਵੇਗਾ।

2. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਇਕ ਸੰਸਥਾ ਹੈ। ਪੰਜਾਬੀ ਵਿਕਾਸ ਮੰਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸੁਲਝਾਉਣ ਲਈ ਸਥਾਪਤ ਕੀਤੀ ਗਈ ਇਸ ਅਦਾਰੇ ਦੀ ਇਕ ਸ਼ਾਖਾ ਹੈ।

3. ਪਹਿਲਾਂ ਹੀ ਆਪ ਜੀ ਦੇ ਧਿਆਨ ਵਿਚ ਹੈ ਕਿ 'ਪੰਜਾਬ ਰਾਜ ਭਾਸ਼ਾ ਐਕਟ 1967' ਦੀ ਧਾਰਾ 3 ਰਾਹੀਂ ਪੰਜਾਬੀ ਨੂੰ, ਦਸੰਬਰ 1967 ਤੋਂ, ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੋ ਚੁੱਕਾ ਹੈ। ਪੰਜਾਬ ਦੇ ਪੰਜਾਬੀ ਪੜ੍ਹੇ ਨੌਜਵਾਨਾਂ ਦੇ ਪਹਿਲ ਦੇ ਅਧਾਰ ਤੇ ਰੁਜ਼ਗਾਰ ਪ੍ਰਾਪਤ ਕਰਨ ਦੇ ਹੱਕ ਨੂੰ ਸੁਰੱਖਿਅਤ ਕਰਨ ਅਤੇ ਇਸ ਵਿਵਸਥਾ ਨੂੰ ਹੋਰ ਕਰੜਾਈ ਨਾਲ ਲਾਗੂ ਕਰਨ ਦੇ ਉਦੇਸ਼ ਨਾਲ, ***ਪੰਜਾਬ ਸਰਕਾਰ ਵੱਲੋਂ ਮਿਤੀ 02.02.2022 ਨੂੰ ਇਕ ਹੁਕਮ ਜਾਰੀ ਕੀਤਾ ਗਿਆ ਹੈ।*** ਇਸ ਹੁਕਮ ਰਾਹੀਂ, ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ,ਅਤੇ ਨੌਕਰੀਆਂ ਦੀ ***ਭਰਤੀ ਲਈ ਇਮਤਿਹਾਨ ਲੈਣ ਵਾਲੇਅਦਾਰਿਆਂ*** (ਜਿਵੇਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਸਬਾਰਡੀਨੇਟ ਸਰਵਿਸਜ਼ ਸਲੈਕਸ਼ਨ ਬੋਰਡ ਆਦਿ) ਦੇ ਮੁਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ***ਅੱਗੋਂ ਤੋਂ ਇਮਤਿਹਾਨਾਂ ਦੇ***

ਪ੍ਰਸ਼ਨ-ਪੱਤਰ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਵੀ ਬਣਾਏ ਜਾਣ। ਹਵਾਲੇ ਲਈ ਇਸ ਹੁਕਮ ਦੀ ਕਾਪੀ ਨੱਥੀ ਕੀਤੀ ਜਾਂਦੀ ਹੈ।

4. ਘੱਟ ਅੰਗਰੇਜ਼ੀ ਜਾਣਦੇ ਪੰਜਾਬ ਦੇ ਨੌਜਵਾਨਾਂ ਵੱਲੋਂ, ਲਗਾਤਾਰ ਭਾਈਚਾਰੇ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ **ਇਸ ਹੁਕਮ ਦੇ ਲਾਗੂ ਹੋਣ ਤੋਂ ਬਾਅਦ ਵੀ**, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਅਤੇ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ***ਇਮਤਿਹਾਨ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਲਏ ਗਏ ਹਨ।*** ਘੱਟ ਅੰਗਰੇਜ਼ੀ ਜਾਣਦੇ ਹੋਣ ਕਾਰਨ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਪਾਏ ਪ੍ਰਸ਼ਨ ਸਮਝ ਨਹੀਂ ਆਏ। ਪ੍ਰਸ਼ਨ ਦਾ ਉੱਤਰ ਆਉਂਦਾ ਹੋਣ ਦੇ ਬਾਵਜੂਦ ਵੀ ਉਹ ਠੀਕ ਉੱਤਰ ਨਹੀਂ ਦੇ ਸਕੇ। ਅਤੇ ***ਨੌਕਰੀਆਂ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਗਏ।*** ਇਸ ਇਕੋ ਇਕ ਕਾਰਨ ਕਾਰਨ, ਪੰਜਾਬ ਤੋਂ ਬਾਹਰਲੇ ਵੱਧ ਅੰਗਰੇਜ਼ੀ ਜਾਣਦੇ ਨੌਜਵਾਨ ਵੱਧ ਨੌਕਰੀਆਂ ਪ੍ਰਾਪਤ ਕਰਨ ਵਿਚ ਸਫਲ ਹੋ ਗਏ। ਹਵਾਲੇ ਲਈ ਇਸ ਤੱਥ ਸਬੰਧੀ 'ਦੇਸ਼-ਸੇਵਕ' ਅਖ਼ਬਾਰ ਵਿਚ ਛਪੀ ਖ਼ਬਰ ਨੱਥੀ ਕੀਤੀ ਜਾਂਦੀ ਹੈ।

5. ਪੰਜਾਬ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿਚੋਂ ਬਾਹਰ ਕੱਢਣ ਦੇ ਉਦੇਸ਼ ਨਾਲ, ਨਵੀਂ ਬਣੀ ਲੋਕ-ਪੱਖੀ ਪੰਜਾਬ ਸਰਕਾਰ ਵੱਲੋਂ, ਨੇੜ ਭਵਿੱਖ ਵਿਚ, ਵੱਡੇ ਪੱਧਰ ਤੇ ਸਰਕਾਰੀ ਨੌਕਰੀਆਂ ਲਈ ਭਰਤੀ ਕੀਤੇ ਜਾਣ ਦਾ ਸ਼ਲਾਘਾ ਯੋਗ ਫ਼ੈਸਲਾ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ, ਪਹਿਲੇ ਪੜਾਅ ਵਿਚ ਹੀ 26454 ਨਵੇਂ ਮੁਲਾਜ਼ਮ ਭਰਤੀ ਕਰਨ ਦੀ ਪ੍ਰਕ੍ਰਿਆ ਸ਼ੁਰੂ ਵੀ ਕਰ ਦਿੱਤੀ ਗਈ ਹੈ।

6. ਪਿਛਲੇ ਤਜਰਬੇ ਤੋਂ ਸਬਕ ਸਿੱਖਦਿਆਂ ***'ਪੰਜਾਬੀ ਵਿਕਾਸ ਮੰਚ(ਕਾਨੂੰਨੀ)' ਨੂੰ ਹੁਣ ਵੀ ਖ਼ਦਸ਼ਾ ਹੈ ਕਿ ਇਮਤਿਹਾਨ ਲੈਣ ਵਾਲੇ ਅਦਾਰੇ ਹਾਲੇ ਵੀ ਇਮਤਿਹਾਨ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਲੈਣਗੇ। ਅਤੇ ਘੱਟ ਅੰਗਰੇਜ਼ੀ ਜਾਣਦੇ ਪੰਜਾਬੀ ਨੌਜਵਾਨ ਰੁਜ਼ਗਾਰ ਤੋਂ ਹੱਥ ਧੋ ਬੈਠਣਗੇ।*** ਅਗਲੀ ਭਰਤੀ ਲਈ ਇਮਤਿਹਾਨ ਲੈਣ ਵਾਲੇ ਮੁੱਖ ਅਦਾਰਿਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਸਬਾਰਡੀਨੇਟ ਸਰਵਿਸਜ਼ ਸਲੈਕਸ਼ਨ ਬੋਰਡ, ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਵਿਭਾਗੀ ਭਰਤੀ ਬੋਰਡ (ਪੁਲਿਸ) ਨੂੰ ਅਗਾਊਂ ਸੁਚੇਤ ਕਰਨ ਲਈ ***ਮੰਚ ਦੇ ਮੁੱਖ ਕਾਨੂੰਨੀ ਸਲਾਹਕਾਰ ਸ੍ਰੀ ਹਰੀ ਚੰਦ ਅਰੋੜਾ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਵੱਲੋਂ*** ਪੱਤਰ ਲਿਖ ਕੇ ਬੇਨਤੀ ਕਰ ਦਿੱਤੀ ਗਈ ਹੈ ਕਿ ਅੱਗੋਂ ਤੋਂ ਇਹ ਅਦਾਰੇ ਪੰਜਾਬ ਸਰਕਾਰ ਦੇ ਪੰਜਾਬੀ ਪੱਖੀ ਇਸ ਹੁਕਮ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਆਪਣੇ ਇਮਤਿਹਾਨ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿਚ ਵੀ ਲੈਣ। (ਇਨ੍ਹਾਂ ਚਿੱਠੀਆਂ ਦੇ ਉਤਾਰੇ ਨੱਥੀ ਕੀਤੇ ਜਾਂਦੇ ਹਨ।)

8. ਜੇ ਹੁਣ ਵੀ ਇਮਤਿਹਾਨ ਲੈਣ ਵਾਲੇ ਅਦਾਰਿਆਂ ਵੱਲੋਂ ਅੰਗਰੇਜ਼ੀ ਪੱਖੀ ਰੁੱਖ ਹੀ ਅਪਣਾਇਆ ਗਿਆ, ਇਮਤਿਹਾਨ ਕੇਵਲ ਅੰਗਰੇਜ਼ੀ ਵਿਚ ਹੀ ਲਏ ਗਏ ਅਤੇ ਅਦਾਰਿਆਂ ਦੇ ਪੰਜਾਬੀ ਵਿਰੋਧੀ ਇਸ ਰਵਈਏ ਕਾਰਨ, ਇਸ ਵਾਰ ਵੀ ਘੱਟ ਅੰਗਰੇਜ਼ੀ ਜਾਨਣ ਵਾਲੇ ਹਜਾਰਾਂ ਪੰਜਾਬੀ ਨੌਜਵਾਨਾਂ ਦਾ ਰੁਜ਼ਗਾਰ ਪ੍ਰਾਪਤ ਕਰਨ ਦਾ ਸੁਪਨਾ ਚਕਨਾ ਚੂਰ ਹੋ ਗਿਆ ਤਾਂ ***ਬੇਰੁਜ਼ਗਾਰੀ ਦੇ ਸਤਾਏ ਨੌਜਵਾਨਾਂ ਨੂੰ ਅਦਾਲਤ ਦਾ ਦਰਵਾਜਾ ਖੜਕਾਉਣ ਲਈ ਮਜ਼ਬੂਰ ਹੋਣਾ ਪਵੇਗਾ। ਇਸ ਮਿਤੀ 02.02.2022 ਦੇ ਹੁਕਮ ਦਾ ਸਹਾਰਾ ਲੈ ਕੇ, ਅਦਾਲਤ ਤੋਂ ਇਮਤਿਹਾਨਾਂ ਦੇ ਨਤੀਜੇ ਰੁਕਵਾਉਣ ਲਈ ਬੰਦੀ ਦੇ ਹੁਕਮ ਲੈਣੇ ਪੈਣਗੇ।*** ਅਜਿਹੀ ਸਥਿਤੀ ਵਿਚ, ਮੰਚ ਨੂੰ ਆਪਣਾ ਕਾਨੂੰਨੀ ਅਤੇ ਇਖਲਾਕੀ ਫਰਜ਼ ਨਿਭਾਉਂਦੇ ਹੋਏ, ਬਿਨਾਂ ਕਾਰਨ

ਨੌਕਰੀ ਦਾ ਆਪਣਾ ਹੱਕ ਗਵਾਉਣ ਵਾਲੇ ਨੌਜਵਾਨਾਂ ਨਾਲ ਖੜ ਕੇ, ***ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਲਈ ਮਜ਼ਬੂਰ ਹੋਣਾ ਪਵੇਗਾ।***

9. ਕਿਸੇ ਅਜਿਹੀ ਛੋਟੀ ਜਿਹੀ ਅਣਗਹਿਲੀ ਕਾਰਨ, ***ਸਰਕਾਰ ਦਾ ਪੰਜਾਬੀ 'ਨੌਜਵਾਨਾਂ ਦੇ ਹੱਥਾਂ ਵਿਚ ਸਰਿੰਜ ਦੀ ਥਾਂ ਟਿਫਨ ਫੜਾਉਣ' ਦਾ ਸੁਪਨਾ*** ਕਿਧਰੇ ਅਦਾਲਤਾਂ ਦੀਆਂ ਮਿਸਲਾਂ ਵਿਚ ਹੀ ਧੁੰਦਲਾ ਨਾ ਪੈ ਜਾਵੇ।

ਇਸ ਲਈ ਬੇਨਤੀ ਹੈ ਕਿ ਉਚਿਤ ਸਮੇਂ ਤੇ ਹੀ ਸਾਵਧਾਨੀ ਵਰਤ ਲਈ ਜਾਵੇ। ਪੰਜਾਬ ਸਰਕਾਰ ਦੇ ਪ੍ਰਮੁੱਖ ਕਾਨੂੰਨੀ ਸਲਾਹਕਾਰ ਹੋਣ ਦੇ ਅਤੇ ਪੰਜਾਬੀ ਭਾਸ਼ਾ ਪ੍ਰੇਮੀ ਹੋਣ ਦੇ ਨਾਤੇ, ਇਹ ਜ਼ਿੰਮੇਵਾਰੀ ਤੁਸੀਂ ਬਾਖ਼ੂਬੀ ਨਿਭਾਅ ਸਕਦੇ ਹੋ।

ਪੰਜਾਬੀ ਵਿਕਾਸ ਮੰਚ ਵੱਲੋਂ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ ਤੁਰੰਤ ਇਸ ਮੱਹਤਵਪੂਰਣ ਮਸਲੇ ਵਲ ਨਿੱਜੀ ਧਿਆਨ ਦੇ ਕੇ ਪੰਜਾਬ ਸਰਕਾਰ ਦੇ ਨਾਲ ਨਾਲ ਸਾਰੇ ਵਿਭਾਗਾਂ ਦੇ, ਵਿਸ਼ੇਸ਼ ਕਰ ਨੌਕਰੀਆਂ ਦੇ ਇਮਤਿਹਾਨ ਲੈਣ ਵਾਲੇ ਅਦਾਰਿਆਂ ਦੇ ਮੁਖੀਆਂ ਨੂੰ, ***ਪੰਜਾਬ ਸਰਕਾਰ ਦੇ ਮਿਤੀ 02.02.2022 ਦੇ ਹੁਕਮ ਦੀ ਸਖਤੀ ਨਾਲ ਪਾਲਣਾ ਕਰਨ ਲਈ ਐਡਵਾਈਜ਼ਰੀ ਜਾਰੀ ਕਰੋ*** ਅਤੇ ਘੱਟ ਅੰਗਰੇਜ਼ੀ ਪੜੇ ਪੰਜਾਬੀ ਨੌਜਵਾਨਾਂ ਨੂੰ ਉਨ੍ਹਾਂ ਦਾ ਵਧੀਆ ਰੋਜਗਾਰ ਪ੍ਰਾਪਤ ਕਰਨ ਦਾ ਹੱਕ ਦਵਾਉਣ ਵਿਚ ਮੱਹਤਵਪੂਰਣ ਭੂਮਿਕਾ ਨਿਭਾਓ ਜੀ।

ਉਸਾਰੂ ਹੁੰਗਾਰੇ ਦੀ ਉਡੀਕ ਵਿਚ।

(ਐਡਵੋਕੇਟ ਹਰੀਸ਼ ਰਾਏ ਢਾਂਡਾ)
ਕਾਨੂੰਨੀ ਸਲਾਹਕਾਰ

ਉਪਰੋਕਤ ਦਾ ਉਤਾਰਾ ਨਿਮਰਤਾ ਸਹਿਤ ਹੇਠ ਲਿਖੇ ਸਤਿਕਾਰਯੋਗ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1.ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in

2.ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in